## ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

### ਹੁਕਮ

ਨੰ: 6ਐਮ.ਈ.3-ਪੰ:-2014/ 9142 ਮਿਤੀ ਚੰਡੀਗੜ੍ਹ: 9-6-14

ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਅਤੇ ਓ.ਬੀ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2013-14 ਨਾਲ ਸਬੰਧਤ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਤੋਂ ਸੋਧ ਕਰਨ ਲਈ ਮਿਤੀ 18.02.2014 ਤੋਂ 01.06.2014 ਤੱਕ ਦੀਆਂ ਪ੍ਰਾਪਤ ਹੋਈਆਂ ਲਿਸਟਾਂ ਵਿੱਚ ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਜਾਰੀ ਫੀਸਾਂ ਦੀਆਂ ਨੋਟੀਫਿਕੇਸ਼ਨਾਂ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਦੀਆਂ ਗਾਈਡ ਲਾਈਨਾਂ ਅਨੁਸਾਰ ਸੋਧ ਕਰਦੇ ਹੋਏ, ਲਿਸਟ ਨੰ: 2 ਦੇ ਰੂਪ ਵਿੱਚ ਸੋਧੀਆਂ ਲਿਸਟਾਂ (ਐਸ.ਸੀ. ਕੈਟਾਗਿਰੀ ਲਾਭਪਾਤਰੀ - 1023 ਬਾਬਤ ਕੁੱਲ ਰਕਮ 4,44,62,870/-ਰੁ: ਅਤੇ ਓ.ਬੀ.ਸੀ. ਕੈਟਾਗਿਰੀ ਲਾਭਤਾਰੀ- 358, ਕੁੱਲ ਰਕਮ 1,40,16,115/-ਰੁ:) ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਨੂੰ ਅਦਾਇਗੀ ਲਈ ਹੇਠ ਲਿਖੀਆਂ ਸ਼ਰਤਾਂ ਉੱਤੇ ਭੇਜੀਆਂ ਜਾਂਦੀਆਂ ਹਨ:-

1. ਜੇਕਰ ਕਿਸੇ ਵੀ ਸਮੇਂ ਕੋਈ ਵਿਦਿਆਰਥੀ ਇਸ ਸਕਾਲਰਸ਼ਿਪ ਲਈ ਅਯੋਗ ਪਾਇਆ ਜਾਂਦਾ ਹੈ, ਤਾਂ ਉਹ ਵਿਦਿਆਰਥੀ / ਵਿਦਿਆਰਥੀ ਦੇ ਮਾਪੇ / ਸੰਸਥਾ ਪ੍ਰਾਪਤ ਹੋਈ ਸਕਾਲਰਸ਼ਿਪ ਦੀ ਰਕਮ ਨਿਯਮਾਂ ਅਧੀਨ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਵਾਪਸ ਕਰਨ ਦਾ ਪਾਬੰਦ ਹੋਣਗੇ।
2. ਜੇਕਰ ਕਿਸੇ ਵੀ ਵਿਦਿਆਰਥੀ / ਸੰਸਥਾ ਨੂੰ ਨਿਰਧਾਰਿਤ ਰਾਸ਼ੀ ਤੋਂ ਵੱਧ ਰਾਸ਼ੀ ਦੀ ਅਦਾਇਗੀ ਹੋ ਜਾਂਦੀ ਹੈ, ਤਾਂ ਉਹ ਵਿਦਿਆਰਥੀ / ਵਿਦਿਆਰਥੀ ਦੇ ਮਾਪੇ /ਸੰਸਥਾ ਵੱਧ ਪ੍ਰਾਪਤ ਹੋਈ ਰਾਸ਼ੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਵਾਪਸ ਕਰਨ ਦੇ ਪਾਬੰਦ ਹੋਣਗੇ।

ਸ/ਦ
ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 6ਐਮ.ਈ.3-ਪੰ:-2014/ 9143-44 ਮਿਤੀ ਚੰਡੀਗੜ੍ਹ: 9-6-14

1. ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਪਰੋਕਤ ਲਿਸਟਾਂ (ਲਿਸਟ ਨੰ: 2) ਦੀਆਂ ਦੋ ਸੋਫਟ ਅਤੇ ਦੋ ਹਾਰਡ ਕਾਪੀਆਂ ਸਮੇਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।
2. ਉਤਾਰਾ ਸਾਰੀਆਂ ਸਬੰਧਤ ਸੰਸਥਾਵਾਂ / ਵਿਦਿਆਰਥੀਆਂ ਦੀ ਸੂਚਨਾ ਹਿਤ ਵੈਬ-ਸਾਈਟ ਉੱਤੇ ਅੱਪਲੋਡ ਕਰਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਵਿਦਿਆਰਥੀ / ਵਿਦਿਆਰਥੀਆਂ ਦੇ ਮਾਪੇ / ਸੰਸਥਾਵਾਂ ਉਪਰੋਕਤ ਸ਼ਰਤਾਂ ਦੇ ਪਾਬੰਦ ਹੋਣਗੇ। ਜਿਨ੍ਹਾਂ ਵਿਦਿਆਰਥੀਆਂ / ਸੰਸਥਾਵਾਂ ਨੇ ਸੈਂਕਸ਼ਨਿੰਗ ਅਥਾਰਿਟੀਆਂ ਕੋਲ ਦਸਤਾਵੇਜ਼ ਸਮੇਂ ਸਿਰ ਸਬਮਿਟ / ਮੁਕੰਮਲ ਨਹੀਂ ਕਰਵਾਏ ਹਨ, ਇਸ ਸਬੰਧੀ ਉਹ ਖੁਦ ਜਿੰਮੇਵਾਰ ਹਨ।

ਸ/ਦ
ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

Scanned by CamScanner